# ਸੁਤੰਤ੍ਰਤਾ

**ਲੇਖਕ: ਭਾਈ ਕੌਰ ਸਿੰਘ ਸ੍ਰੀ ਅੰਮ੍ਰਿਤਸਰ**

ਭਾਈ ਸਾਹਿਬ ਜੀ ਦੀਆਂ ਗੁਰਮਤਿ ਮਾਰਗ ਤੇ ਰਚਿਤ ਪੁਸਤਕਾਂ ੧. ਗੁਰੂ ਗੋਬਿੰਦ ਸਿੰਘ ਜੀ ਦੇ ਤੀਰ ਅਥਵਾ ਹਲੇਮੀ ‘ਰਾਮ-ਰਾਜ’, ੨. ਖ਼ਾਲਸਾ ਵਿਧਾਨ, ੩. ਠੋਸ ਏਕਤਾ ਛਪ ਕੇ ਸੰਗਤਾ ਤਕ ਪਹੁੰਚ ਚੁੱਕੀਆਂ ਹਨ। ਭਾਈ ਕੌਰ ਸਿੰਘ ਜੀ ਨੇ ਆਪਣੀ ਗੁਰਮਤਿ ਕਮਾਈ ਦੇ ਤਜ਼ਰਬੇ ਹੇਠ ਅਜੋਕੇ ਸਮੇਂ ਪੰਥ ਵਿਚ ਆ ਗਈਆ ਢਿਲੜਤਾਈਆਂ ਅਤੇ ਰਹਿਤ ਰਹਿਣੀ ਵਿਚ ਆ ਰਹੀ ਭਾਰੀ ਗਿਰਾਵਟ ਦੇ ਗਫ਼ੂਰ ਨੂੰ ਦੂਰ ਕਰਨ ਮਾਤਰ ਗੁਰਮਤਿ ਸਿਧਾਤਾਂ ਨੂੰ ਉਜਾਗਰ ਕਰਕੇ ਪੰਥ ਨੂੰ ਹਲ਼ੂਣਾ ਦੇਣ ਦੀ ਕੋਸ਼ਿਸ ਕੀਤੀ ਹੈ। ਭਾਈ ਸਾਹਿਬ ਜੀ ਦੀ ਜੀਵਣੀ ਅਤੇ ਰਹਿਣੀ ਬਹਿਣੀ ਬਾਬਤ ਕਾਫੀ ਸਿੰਘ ਸਿੰਘਣੀਆਂ ਗਿਆਤ ਹਨ ਜਿਸ ਦੀ ਟੂਕ ਮਾਤਰ ਝਲਕ ਏਸ ਟ੍ਰੈਕਟ ਤੋਂ ਭੀ ਮਿਲ ਜਾਂਦੀ ਹੈ। ਗੁਰੂ ਮਿਹਰ ਕਰੇ ਉਹਨਾਂ ਦੀ ਇਹ ਕੋਸ਼ਿਸ ਸਫ਼ਲੀ ਹੋਵੇ ਅਤੇ ਕੌਮ ਮੁੜ ਪੁਰਾਤਨ ਸਿੰਘ ਸਿੰਘਣੀਆਂ ਵਾਲੀ ਰਹਿਣੀ-ਬਹਿਣੀ ਅਤੇ ਕਹਿਣੀ-ਕਰਨੀ ਵਲ ਧਿਆਨ ਦੇਣਾ ਸ਼ੁਰੂ ਕਰ ਦੇਵੇ।

ਦਾਸਰੇ:-

Khalsaspirit.com

ੴ ਵਾਹਿਗੁਰੂ ਜੀ ਕੀ ਫ਼ਤਿਹ॥

# ਸੁਤੰਤ੍ਰਤਾ

ਜਬ ਲਗ ਖ਼ਾਲਸਾ ਰਹੇ ਨਿਆਰਾ ਤਬ ਲਗ ਤੇਜ ਦੀਉਂ ਮੈਂ ਸਾਰਾ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ ਦੀ ਵਿਸਾਖੀ ਤੇ ਜੋ ਰਹਿਤ-ਮਰਯਾਦਾ ਪ੍ਰਚੱਲਤ ਕੀਤੀ, ਉਸ ਸਾਰੀ ਰਹਿਤ ਦਾ ਧਾਰਨੀ ਹੀ ਸਹੀ ਅਰਥਾਂ ਵਿਚ ਅੰਮ੍ਰਿਤ-ਧਾਰੀ ਖ਼ਾਲਸਾ ਹੈ-ਜਿਸ ਵਿਚ ਗੁਰੂ ਦਾ ਨਿਵਾਸ ਹੈ- "ਖ਼ਾਲਸੇ ਮਹਿ ਹਉਂ ਕਰੋਂ ਨਿਵਾਸ" ਉਹ ਪੂਰਨ ਸਹੀ ਰਹਿਤ ਕਿਹੜੀ ਹੈ? ਉਸ ਵਾਰੇ ਗੁਰੂ ਗੋਬਿੰਦ ਸਿੰਘ ਜੀ ਦੇ ਤੀਰ ਅਥਵਾ ਹਲੇਮੀ 'ਰਾਮ-ਰਾਜ' ਪੁਸਤਕ ਵਿਚ ਵਰਣਨ ਕਰਨ ਦਾ ਯਤਨ ਕੀਤਾ ਹੈ। **ਉਸ ਵਿਚੋਂ ਭੀ ਜੇਕਰ ਦੋ ਸਿਧਾਂਤ (ਅਸੂਲ-ਰਹਿਤ) "ਅੰਮ੍ਰਿਤ-ਧਾਰੀ ਦੀ ਸਾਂਝ ਅੰਮ੍ਰਿਤ-ਧਾਰੀ ਨਾਲ" ਅਤੇ "ਵੰਡ ਛਕਣਾ" ਬੀਸ ਵਿਸਵੇ-ਸੌ ਪ੍ਰਸੈਂਟ ਅਪਣਾਅ ਲਏ ਜਾਣ ਤਾਂ ਖ਼ਾਲਸਾ ਸੁਤੰਤਰ ਜਾਣੋ।**

# ਮੁਖ-ਬੰਧ

## *ਸਾਡੇ ਵਿਚ ਇਕ ਪਹਾੜ ਜਿੱਡਾ ਭੁਲੇਖਾ-ਅਗਿਆਨ*

ਸੰਸਾਰ ਦੀ ਬਹੁ-ਗਿਣਤੀ (majority) ਦੀ ਵਿਚਾਰਧਾਰਾ ਹੈ ਕਿ "ਅਸੀ ਆਪਣੇ ਮਾਲਕ-ਕਰਤੇ-ਸਿਰਜਨਹਾਰ-ਰੱਬ ਨੂੰ ਯਾਦ ਕਰਨਾ ਹੈ, ਭਾਵੇਂ ਕਿਵੇਂ ਵੀ, ਤੁਰਦੇ ਫਿਰਦੇ, ਕੰਮ ਕਰਦੇ ਜਾਂ ਬੈਠੇ ਹੋਏ ਚਿਤਵਦੇ ਰਹੀਏ ਜਾਂ ਧਰਮ ਗ੍ਰੰਥ, ਗੁਰਬਾਣੀ ਜਾਂ ਕੋਈ ਭੀ ਉਸਦੇ ਨਾਮ ਸਿਮਰਨ ਦੁਆਰਾ ਉਸਨੂੰ ਚੇਤੇ ਰੱਖੀਏ ਭਾਵੇਂ ਐਸ਼ੋ-ਇਸ਼ਰਤ, ਦੁਨੀਆ ਦੇ ਭੋਗ, ਮਾਇਆ ਦੇ ਅਨਿਕ ਪ੍ਰਕਾਰੀ ਸੁਆਦ (ਕਾਮ ਲੋਭ ਮੋਹ, ਨਿੰਦਿਆ ਚੁਗ਼ਲੀ, ਠੱਗੀ ਧੋਖਾ, ਗ਼ਰੀਬ ਮਾਰ ਵੱਢੀ ਆਦਿ) ਭੀ ਲੈਂਦੇ ਰਹੀਏ"। ਐਸੇ ਪੁਰਸ਼ਾਂ ਨੂੰ ਮਰਨ ਭੁੱਲਿਆ ਹੁੰਦਾ ਹੈ, ਭਾਵੇਂ ਉਹ ਵੇਖਦੇ ਹਨ ਕਿ ਓਹਨਾਂ ਦੇ ਸਾਹਮਣੇ ਸਭ ਦੁਨੀਆਂ ਚਲੀ ਜਾ ਰਹੀ ਹੈ, ਓਹਨਾਂ ਦੇ ਆਪਣੇ ਦੋਸਤ ਮਿੱਤਰ ਰਿਸ਼ਤੇਦਾਰ ਸਾਹਮਣੇ ਮਰ ਰਹੇ ਹਨ, ਆਪਣੇ ਹੱਥੀਂ ਓਹਨਾਂ ਨੂੰ ਸਾੜਿਆ ਜਾ ਰਿਹਾ ਹੈ, ਪਰ ਆਪਣੇ ਆਪ ਨੂੰ ਉਹ ਅਮਰ ਮੰਨੀ ਬੈਠੇ ਹਨ:

ਸਾਧੋ ਰਚਨਾ ਰਾਮ ਬਨਾਈ ॥
ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ ॥੧॥ ਰਹਾਉ ॥
ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ॥
ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ ॥੧॥
ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ॥
ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ ॥੨॥੨॥

*(ਪੰਨਾ ੨੧੯)*

ਓਹਨਾਂ ਦੇ ਮਨ ਨੂੰ ਪ੍ਰਤੀਤ ਨਹੀਂ ਆਉਂਦੀ ਕਿ ਓਹਨਾਂ ਨੇ ਭੀ ਇਕ ਦਿਨ ਮਰ ਜਾਣਾ ਹੈ, ਓਹਨਾਂ ਦੀ ਭੀ ਵਾਰੀ ਆ ਜਾਣੀ ਹੈ। ਜੇ ਪ੍ਰਤੀਤ ਆ ਜਾਵੇ, ਫਿਰ ਉਹ ਕਿਉਂ ਕੁਰਸੀਆਂ, ਮਨਿਸਟਰੀਆਂ ਪਿੱਛੇ ਥੋੜੇ ਜਿਹੇ ਲਾਲਚ ਪਿੱਛੇ, ਹਕੂਮਤ-ਅਹੁਦੇ ਪਿੱਛੇ, ਨਿਰਦੋਸ਼ੇ-ਮਾਸੂਮਾਂ ਦਾ ਖ਼ੂਨ ਕਰਨ। ਜਿਸਨੂੰ ਫਾਂਸੀ ਸੁਣਾਈ ਜਾਂਦੀ ਹੈ, ਓਸੇ ਟਾਈਮ ਉਸਦਾ ਦੁਨੀਆਂ ਨਾਲੋਂ ਲਗਾਓ ਟੁੱਟ ਜਾਂਦਾ ਹੈ, ਉਸਨੂੰ ਜੀਵਨ ਵਿਚ ਕੋਈ ਦਿਲਚਸਪੀ ਨਹੀਂ ਰਹਿੰਦੀ, ਉਸ ਦੇ ਮਨ ਨੂੰ ਪ੍ਰਤੀਤ ਆ ਗਈ ਹੁੰਦੀ ਹੈ ਕਿ ਉਸਨੇ ਫਲਾਣੇ ਦਿਨ ਨੂੰ ਇਸ ਦੁਨੀਆਂ ਵਿਚੋਂ ਚਲੇ ਜਾਣਾ ਹੈ। ਐਸੀ ਪ੍ਰਤੀਤ ਆਏ ਬਿਨਾਂ ਜੋ ਰੱਬ ਨੂੰ ਚੇਤੇ ਕਰਨਾ ਹੈ ਉਹ ਉਪਰੋਕਤ ਦੱਸੀ ਬਹੁ-ਗਿਣਤੀ ਲੋਕਾਂ ਦੀ ਹਾਲਤ ਹੈ।

ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥ *(ਪੰਨਾ ੨੦੪)*

ਅਕਾਲ ਪੁਰਖ ਨੇ ਇਹ ਘੁੰਡੀ, ਭੇਦ ਆਪਣੇ ਪਾਸ ਹੀ ਰਖਿਆ ਹੈ।

ਹਰਿ ਠਗ ਜਗ ਕਉ ਠਗਉਰੀ ਲਾਈ ॥
ਹਰਿ ਕੇ ਬਿਓਗ ਕੈਸੇ ਜੀਅਉ ਮੇਰੀ ਮਾਈ ॥੧॥ ਰਹਾਉ ॥

*(ਪੰਨਾ ੩੩੧)*

ਇਸ ਲਈ ਗੁਰੂ ਨਾਨਕ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਧਾਰਨ ਕਰੇ ਬਿਨਾ-ਪ੍ਰਤੀਤ ਨਹੀਂ ਆ ਸਕਦੀ, ਜਿੰਨਾਂ ਚਿਰ ਅਸੀਂ ਪੰਜਾਂ ਪਿਆਰਿਆਂ ਦੇ ਪੇਸ਼ ਹੇ ਕੇ ਗੁਰੂ ਦੇ ਹੁਕਮ, ਪੂਰਨ ਰਹਿਤ ਦੇ ਧਾਰਣੀ ਹੋਣ ਦਾ ਹਲਫ਼

ਉਠਾ ਕੇ, ਪ੍ਰਣ ਦੇ ਕੇ ਸਿਰ ਪੇਸ਼ ਕਰਕੇ (ਸਿਰ ਦੇਣਾ, ਪੂਰਨ ਰਹਿਤ ਧਾਰੀ ਹੋਣ ਦਾ ਹਲਫ਼ ਉਠਾਣਾ ਇਕੋ ਗੱਲ ਹੈ), ਪੰਚਾਂ ਤੋਂ ਅੰਮ੍ਰਿਤ-ਨਾਮ-ਪੂਰਨ ਰਹਿਤ ਦਾ ਉਪਦੇਸ਼ ਨਹੀਂ ਲੈ ਲੈਂਦੇ।

ਏਥੇ ਅਸੀਂ ਪਹਾੜ ਜਿੱਡੀ ਭੁਲ ਕਰਦੇ ਹਾਂ, ਨਾਮ ਬਾਣੀ ਨੂੰ ਹੀ ਮੁੱਖ ਮੰਨ ਲੈਂਦੇ ਹਾਂ ਤੇ ਸਹੀ ਰਹਿਤ ਦੀ ਪ੍ਰਵਾਹ ਨਹੀਂ ਕਰਦੇ ਜਿਸ ਕਰਕੇ ਸਾਨੂੰ ਸਹੀ ਅਰਥਾਂ ਵਿਚ ਦੁਨੀਆਂ ਤੋਂ ਚਲੇ ਜਾਣ ਦੀ ਪ੍ਰਤੀਤ ਨਹੀਂ ਬੱਝਦੀ, ਏਸੇ ਕਰਕੇ ਸਾਡੇ ਲੀਡਰ ਤੇ ਉਹਨਾਂ ਦੇ ਪਿੱਛਲੱਗ ਆਪਣੇ ਸਾਹਮਣੇ ਏਡਾ ਘੋਰ ਜ਼ੁਲਮ ਹੁੰਦਿਆਂ ਹੋਇਆਂ ਦੇਖਦੇ ਹੋਏ ਭੀ ਚੁੱਪ ਬੈਠੇ ਹਨ, ਉਹਨਾਂ ਦੀ ਧਰਮ-ਸਿੱਖੀ ਦੀ ਅਣਖ ਘੋਰ ਸੁੱਤੀ ਪਈ ਹੈ, ਇਸੇ ਕਰਕੇ ਓਹਨਾਂ ਦਾ ਏਕਾ ਨਹੀਂ ਹੋ ਰਹਿਆ। ਸੰਗਤਾਂ ਲੀਡਰ ਦੇ ਪਿੱਛੇ ਹੀ ਲਗਦੀਆਂ ਹਨ, ਭਾਵੇਂ ਸੰਗਤਾਂ ਵਿਚੋਂ ਬਹੁਤਿਆਂ ਦੀ ਅਣਖ-ਧਾਰਮਿਕ ਜਜ਼ਬਾ ਉਛਾਲਾਂ ਮਾਰਦਾ ਹੋਵੇਗਾ, ਉਹ ਜ਼ੁਲਮ ਤੇ ਜ਼ਾਲਮ ਨੂੰ ਮਿਟਾਉਣ ਵਾਸਤੇ ਹਰ ਕੁਰਬਾਨੀ ਦੇਣ ਵਾਸਤੇ ਭੀ ਤਿਆਰ ਹੋਣਗੇ, ਪਰ ਉਹ ਲੀਡਰ ਤੋਂ ਬਿਨਾਂ ਬੇ-ਬਸ ਹਨ। ਗੁਰੂ ਮਹਾਰਾਜ ਕਿਰਪਾ ਕਰਨ-ਤਰਸ ਕਰਨ ਕੋਈ ਸਹੀ ਸ਼ਕਤੀਸ਼ਾਲੀ ਲੀਡਰ ਭੇਜਣ, ਪੈਦਾ ਕਰਨ। ਉਸਦੀ ਅਗਵਾਈ ਵਿਚ ਚਲ ਕੇ ਜ਼ੁਲਮ ਦੂਰ ਕਰਵਾਇਆ ਜਾ ਸਕੇ।

ਭਾਵੇਂ ਲੀਡਰ-ਪ੍ਰਧਾਨ ਦੀ ਰੂਪ ਰੇਖਾ ਗੁਰਬਾਣੀ ਅੰਦਰ ਉਲੀਕੀ ਹੋਈ ਹੈ ਤੇ ਕਲਗੀਧਰ ਜੀ ਨੇ ਓਸਨੂੰ ਸਾਕਾਰ ਭੀ ਕੀਤਾ। ਪਰ ਵਿਧਾਨ ਨੂੰ ਇਸ ਸਮੇਂ ਸਰੰਜਾਮਤਾ ਦੇਣ ਵਾਲਾ ਭੀ ਕੋਈ ਸ਼ਕਤੀਸ਼ਾਲੀ ਪੁਰਸ਼ ਲੋੜੀਂਦਾ ਹੈ। ਜਮਾਤ ਕਰਾਮਾਤ ਹੈ, ਸੰਗਤ ਗੁਰੂ ਦਾ ਰੂਪ ਹੈ। ਪਰ ਸੰਗਤ ਇਕੱਠੀ ਕੌਣ ਕਰੇ? ਪੰਥ ਇਕ ਸਟੇਜ ਤੇ ਕਿਵੇਂ ਆਵੇ? ਪੰਥ ਦੋਖੀ ਦੀਆਂ ਭਾਰੀ ਚਾਲਾਂ ਹਨ, ਜੋ ਪੰਥ ਨੂੰ ਇਕੱਠਾ ਨਹੀਂ ਹੋਣ ਦਿੰਦਾ। ਖ਼ਾਲਸਾ ਵਿਧਾਨ-ਰਾਮ ਰਾਜ-ਠੋਸ ਏਕਤਾ ਟ੍ਰੈਕਟਾਂ ਵਿਚ ਇਸ ਦਾ ਉਪਾਅ ਦੱਸਣ ਦਾ ਯਤਨ ਕੀਤਾ ਹੈ।ਇੱਥੇ ਇਸ ਸੱਤ ਅੱਠ ਪੰਨਿਆਂ ਦੇ ਟ੍ਰੈਕਟ ਵਿਚ ਉਸਦਾ ਸੰਖੇਪ ਰੂਪ ਵਿਚ ਸਾਰ-ਅੰਸ਼ ਦੇਣ ਦਾ ਯਤਨ ਕੀਤਾ ਹੈ, ਆਸ ਹੈ ਸੰਗਤਾਂ ਇਸ ਨੂੰ ਅਮਲ ਵਿਚ ਲਿਆ ਕੇ ਇਸ ਤੋਂ ਲਾਭ ਉਠਾਉਣਗੀਆਂ।

ਇਕ ਪੰਥਕ ਦਰਦੀ:
*-ਭਾਈ ਕੌਰ ਸਿੰਘ*

# ਰਹਿਤ ਪਿਆਰੀ ਮੁਝ ਕਉ

ਜਦੋਂ ਅਸੀਂ ਕਲਜੁਗ ਦੇ ਅਵਤਾਰ ਜਗਤ ਗੁਰੂ, ਗੁਰੂ ਨਾਨਕ ਸਾਹਿਬ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਹੁਕਮਾਂ ਦੀ ਡੂੰਘੀ ਖੋਜ ਹੀ ਨਹੀਂ ਕਰਦੇ ਕਿ ਹੁਕਮ ਕੀ ਹੈ? ਫਿਰ ਆਪਣੇ ਗੁਰੂ ਦੀ ਆਗਿਆ, ਹੁਕਮ ਸਿੱਖਿਆ ਮੰਨਣ ਵਿਚ ਕਿਵੇਂ ਆਵੇਗੀ? ਹੁਕਮ ਮੰਨੇ ਬਿਨਾਂ ਗੁਰੂ ਪਰਮੇਸ਼ਰ ਦੀਆਂ ਖ਼ੁਸ਼ੀਆਂ ਬਰਕਤਾਂ ਕਿਵੇਂ ਮਿਲਣਗੀਆਂ?

## ਆਓ, ਗੁਰੂ ਦੇ ਹੁਕਮਾਂ ਦੀ ਖੋਜ ਕਰੀਏ

ਪਿਊ ਦਾਦੇ ਕਾ ਗੁਰਬਾਣੀ ਰੂਪੀ ਖਜ਼ਾਨਾ ਖੋਲ੍ਹ ਕੇ ਸਿਧਾਂਤ ਰੂਪੀ ਹੀਰੇ ਲਾਲ ਜਵਾਹਰ ਲੱਭੀਏ ਤਾਂ ਫਿਰ ਅਸੀਂ ਅਮੀਰ-ਸੁਤੰਤਰ ਹੋਵਾਂਗੇ। ਅਥਵਾ:

ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥ ਤਾ ਮੇਰੈ ਮਨਿ ਭਇਆ ਨਿਧਾਨਾ॥

*(ਪੰਨਾ ੧੮੫)*

ਰੋਜ਼ ਜੋ ਪੜ੍ਹਦੇ ਹਾਂ ਉਸ ਨੂੰ ਅਮਲ ਵਿਚ ਭੀ ਤਾਂ ਲੈ ਆਈਏ। "**ਖੋਜਿ ਸ਼ਬਦ ਮਹਿ ਲੇਂ** " ਅਮਲ ਵਿਚ ਲਿਆਂਦੇ ਬਿਨਾਂ, ਲ਼ਾਭ ਕਿਵੇਂ ਹੋਵੇਗਾ, ਦਵਾਈ ਖਾਧੇ ਬਿਨਾਂ ਉਸਦਾ ਅਸਰ ਕਿਵੇਂ ਹੋਵੇਗਾ, ਭਾਵੇਂ ਅਸੀਂ ਦਵਾਈ ਦਾ ਨੁਸਖਾ ਰੋਜ਼ ਰਟੀ ਜਾਈਏ। ਨੁਸਖੇ ਨੂੰ ਭੀ ਤਾਂ ਚੰਗੀ ਤਰ੍ਹਾਂ ਵਾਚਦੇ ਨਹੀਂ ਕਿ ਨੁਸਖਾ ਹੈ ਕੀ? ਜਿਸ ਨੂੰ ਵਰਤਣ ਨਾਲ ਅਸੀਂ ਨਵੇਂ ਨਰੋਏ ਸੁਤੰਤਰ ਹੋਣਾ ਹੈ। ਸਿੱਖੀ ਦਾ ਬੁਨਿਆਦੀ ਅਸੂਲ ਨਾਮ ਜਪਣਾ, ਵੰਡ ਛਕਣਾ, ਦਸਾਂ ਨੋਹਾਂ ਦੀ ਕਿਰਤ ਕਰਨੀ ਜਿਸ ਦੀ ਪ੍ਰੋੜਤਾ ਗੁਰੂ ਗ੍ਰੰਥ ਸਾਹਿਬ ਕਰ ਰਹੇ ਹਨ:-

ਘਾਲਿ ਖਾਇ ਕਿਛੁ ਹਥਹੁ ਦੇਹਿ॥ ਨਾਨਕ ਰਾਹੁ ਪਛਾਣਹਿ ਸੇਇ॥੧॥

*(ਪੰਨਾ ੧੨੪੫)*

ਇਹ ਹੈ ਸਿੱਖੀ ਦੀ ਨੀਂਹ (ਬੁਨਿਆਦ) ਇਸ ਨੂੰ ਪੱਕਾ ਕਰ ਲਈਏ ਤਾਂ ਹੀ ਸਿੱਖੀ ਮਹਿਲ ਪੱਕਾ ਹੋਵੇਗਾ, ਫਿਰ ਉਸਨੂੰ ਕੋਈ ਢਾਹ ਨਹੀਂ ਸਕੇਗਾ। ਗ਼ੁਲਾਮ ਨਹੀਂ ਬਣਾ ਸਕੇਗਾ। ਇਸਦੇ ਸੰਦਰਭ ਵਿਚ ਇਸ ਨੂੰ ਜਾਨਣ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਦੇ ਤੀਰ ਅਥਵਾ ਹਲੇਮੀ ਰਾਜ ਪੁਸਤਕ ਸੰਗਤਾਂ ਤਕ ਪਹੁੰਚ ਚੁਕੀ ਹੈ ਇਥੇ ਉਸਦਾ ਤੱਤਸਾਰ ਹੀ ਦਿੱਤਾ ਜਾਦਾ ਹੈ। "**ਅੰਮ੍ਰਿਤਧਾਰੀ ਦੀ ਸਾਂਝ ਅੰਮ੍ਰਿਤਧਾਰੀ ਨਾਲ**" ਰਾਹ ਪਛਾਨਣ ਵਿਚ ਆ ਜਾਂਦੀ ਹੈ। ਵੰਡ ਛਕਣਾ- "**ਕਿਛ ਹਥਹੁ ਦੇਇ**" ਸਾਰੀ ਸਮੱਗਰੀ ਨੂੰ ਹੀ ਵੰਡ ਛਕਣਾ ਕਹਿਆ ਹੈ। ਨਾਲ ਹੀ ਸਾਡੇ ਦਸਮੇਸ਼ ਪਿਤਾ ਕਲਗੀਧਰ ਨੇ ਆਪਣੇ ਸਿੱਖਾਂ ਨੂੰ ਹੁਕਮ ਕਰ ਦਿੱਤਾ:

ਸੇਵ ਕਰੀ ਇਨਹੀ ਕੀ ਭਾਵਤ ਅਉਰ ਜੀ ਸੇਵ ਸੁਹਾਵਤ ਨ ਜੀ ਕੋ॥

ਪ੍ਰੋੜਤਾ ਵਿਚ ਫਿਰ ਕਹਿੰਦੇ ਹਨ:-

ਦਾਨ ਦਯੋ ਇਨਹੀ ਕੋ ਭਲੋ ਅਰ ਆਨ ਕੋ ਦਾਨ ਨ ਲਾਗਤ ਨੀਕੋ॥

ਦਾਨ ਦੇਣਾ ਸਾਰੀ ਸਮੱਗਰੀ ਵੰਡ ਛਕਣਾ ਹੀ ਹੈ। ਸੇਵਾ ਦਾ ਕੋਈ ਹੱਦ-ਬੰਨਾ ਥੋੜ੍ਹਾ ਹੈ। ਹੱਦ-ਬੰਨਾ ਓਥੇ ਆਉਣਾ ਹੈ ਜਦੋਂ ਸਾਰੀ ਸੰਪਤੀ ਹੀ ਅੰਮ੍ਰਿਤਧਾਰੀ ਰਹਿਤਧਾਰੀ ਗੁਰਸਿੱਖਾਂ ਵਿਚ ਵੰਡ ਛਕਾਂਗੇ, ਕਿਉਂਕਿ ਨਿਗੁਰੇ, ਬੇਅੰਮ੍ਰਿਤੀਏ, ਸਿਰਗੁੰਮ ਦਾ ਤਾਂ ਨਾਉਂ ਹੀ ਬੁਰਾ ਹੈ:

ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਓ ਬੁਰਾ॥੧੩॥

*(ਪੰਨਾ ੪੩੫)*

ਇਸ ਦੀ ਪ੍ਰੋੜਤਾ ਫਿਰ ਇਸ ਤੁਕ ਵਿਚੋਂ ਭਲੀ ਪ੍ਰਕਾਰ ਸਿੱਧ ਹੁੰਦੀ ਹੈ, ਬਲਕਿ ਸਾਡੇ ਗੁਰੂ ਦਾ ਤਾਕੀਦੀ ਹੁਕਮ ਹੈ:

ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ॥

*(ਪੰਨਾ ੬੧੪)*

ਇਸ ਪਰਕਾਰ ਸਾਰੀ ਬਾਣੀ ਹੀ ਉਪਦੇਸ਼ ਕਰਦੀ ਹੈ, ਅਸੀਂ ਧਿਆਨ ਨਾਲ ਕਦੀ ਵਿਚਾਰਿਆ ਹੀ ਨਹੀ। ਗੁਰਮੁਖ ਨਾਲ ਮੇਲ-ਜੋਲ ਰੱਖਣਾ ਤੇ ਮਨਮੁਖ ਨਾਲ ਕੋਈ ਵਾਸਤਾ ਨਾ ਰੱਖਣਾ, ਸਾਰੀ ਗੁਰਬਾਣੀ ਦਾ ਇਹ ਮੂਲ-ਸਿਧਾਂਤ ਹੈ। ਇਸ ਤੋਂ ਅਸੀਂ ਖੁੰਝੇ ਹੋਏ ਹਾਂ, ਜਿਸ ਕਰਕੇ ਸਾਡੀ ਇਹ ਹਾਲਤ ਹੋਈ ਹੈ। ਇਸ ਸਿਧਾਂਤ ਨੂੰ ਸੁਰਜੀਤ ਕਰਨ ਵਾਸਤੇ, ਅਮਲ ਵਿਚ ਲਿਆਉਣ ਵਾਸਤੇ ਅਸੀਂ ਕੀ ਕੀ ਕਰਨਾ ਹੈ?

ਗੁਰਮਤਿ ਰਹਿਤ ਮਰਯਾਦਾ ਜਿਹੜੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਾਰਾ ਸਰਬੰਸ ਕੁਰਬਾਨ ਕਰਵਾ ਕੇ ਧੁਰ ਦਰਗਾਹ ਵਿਚੋਂ ਲਿਆਂਦੀ ਤੇ ਕੇਸਗੜ੍ਹ ਸਾਹਿਬ ੧੬੯੯ ਦੀ ਵਿਸਾਖੀ ਤੇ ਪ੍ਰੱਚਲਤ ਕੀਤੀ, ਉਸ ਨੂੰ ਖੋਜ ਕੇ, ਲੱਭ ਕੇ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਦੁਆਰਾ ਸਾਰੇ ਪੰਥ ਵਿਚ ਪ੍ਰਚੱਲਤ ਕਰਨਾ ਹੈ। ਉਸਦੇ ਧਾਰਨੀ ਹੋਣਾ ਹੈ। ਉਸ ਦੇ ਧਾਰਨੀਆਂ ਦਾ ਸਮੂਹ ਹੀ ਪੰਥ ਹੈ। ਓਹੀ ਠੋਸ ਏਕਤਾ ਹੈ, ਹੋਰ ਸਭ ਕੱਚ ਪਿੱਲ ਹੈ। ਫਿਰ ਆਪਣੀ ਆਪਣੀ ਸੁਧਾਈ ਕਰਵਾ ਕੇ ਜਿਹੜੇ ਉਸੇ ਸਹੀ ਪੂਰਨ ਰਹਿਤ ਦੇ ਧਾਰਨੀ ਹੁੰਦੇ ਜਾਣਗੇ ਉਹ ਪੰਥ ਵਿਚ ਸ਼ਾਮਲ ਹੁੰਦੇ ਜਾਣਗੇ। ਇਹ ਹੈ ਸਾਡਾ ਪਹਿਲਾ ਕਦਮ। ਦੂਜੇ ਉਸ ਸਹੀ ਰਹਿਤ ਵਿਚ ਜੋ ਉਪਰੋਕਤ ਤਿੰਨ ਬੁਨਿਆਦੀ ਅਸੂਲ ਹਨ- ਅਮਲੀ ਰੂਪ ਵਿਚ ਉਹਨਾਂ ਦਾ ਖਾਸ ਕਰਕੇ ਧਾਰਨੀ ਹੋਣਾ ਹੈ। ਅਮਲ ਕੀ ਹੈ? ਜਿਸ ਪਿੰਡ ਵਿਚ ਜਿਤਨੇ ਗੁਰਸਿੱਖ ਵਸਦੇ ਹਨ-ਉਹ ਆਪਸ ਵਿਚ ਵੰਡ ਕੇ ਛਕਣ, ਇਕ ਪ੍ਰਵਾਰ ਵਾਂਗ ਹੋਣ। ਜਦੋਂ ਅਸੀਂ ਸਿੱਖੀ ਤੇ ਅਮਲ ਕਰਨਾ ਹੈ ਫਿਰ ਸਿੱਖੀ ਤਾਂ ਇਹੀ ਕਹਿੰਦੀ ਹੈ, ਭਾਈ ਗੁਰਦਾਸ ਜੀ ਇਕ ਸਿੱਖ ਦਾ ਰਿਸ਼ਤਾ ਸਿੱਖ ਨਾਲ ਸਕੇ ਭਰਾਵਾਂ ਨਾਲੋਂ ਵੱਧ ਦਸਦੇ ਹਨ। ਉਧਰ ਜਦ ਨਿਗੁਰੇ ਕਾ ਨਾਉਂ ਬੁਰਾ ਹੈ, ਕਬੀਰ ਜੀ ਤਾਂ ਨਿਗੁਰੇ ਸਾਕਤ ਕੋਲੋਂ ਦੂਰ ਭੱਜ ਜਾਣ ਲਈ ਤਾੜਨਾ ਕਰਦੇ ਹਨ:

ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥

*(ਪੰਨਾ ੧੩੭੧)*

ਫਿਰ ਅਸੀਂ ਪਿੰਡ ਵਿਚੋਂ ਚੱਲ ਕੇ ਸ਼ਹਿਰ ਵਿਚ ਜਾ ਕੇ ਇਸ ਪ੍ਰਕਾਰ ਦੀ ਕੋਈ ਵਿਚਾਰ ਕਰਦੇ ਹੀ ਨਹੀਂ, ਗੁਰੂ ਚਰਨਾਂ ਦਾ ਹੁਕਮ ਸਾਨੂੰ ਭੁੱਲਿਆ ਹੁੰਦਾ ਹੈ ਤੇ ਜਿਹੜਾ ਸਾਨੂੰ ਪਲੋਸ ਲਵੇ, ਉਪਰੋਂ ਮਿੱਠੀਆਂ ਗੱਲਾਂ ਮਾਰਦਾ ਹੋਵੇ ਭਾਵੇਂ ਉਹ ਨਿਗੁਰਾ ਹੋਵੇ, ਸਿਰਗੁੰਮ ਹੋਵੇ, "**ਸੰਤਨ ਸਿਉ ਮੇਰੀ ਲੇਵਾ ਦੇਵੀ**" ਛੱਡ ਕੇ ਉਸ ਨਾਲ ਵਾਸਤਾ ਪਾਉਣਾ ਆਪਣੇ ਗੁਰੂ ਤੋਂ ਬੇਮੁਖ ਹੋਣਾ, ਆਪਣਾ ਧਰਮ ਗਵਾਉਣਾ ਹੈ। ਫਿਰ ਸਾਨੂੰ ਕੀ ਲੋੜ ਮੰਡੀਆਂ ਵਿਚ ਧੱਕੇ ਖਾਣ ਦੀ ਸਾਨੂੰ ਇਕ ਲੂਣ ਹੀ ਚਾਹੀਦਾ ਹੈ ਬਾਕੀ ਸਭ ਕੁਝ ਸਾਡੇ ਘਰ... ਖੇਤਾਂ ਵਿਚ ਹੀ ਹੈ। ਲੂਣ ਤਾਂ ਦਸ ਰੁਪਏ ਦਾ ਸਾਰਾ ਸਾਲ ਨਹੀਂ ਮੁਕਦਾ। ਐ ਅੰਮ੍ਰਿਤਧਾਰੀ-ਰਹਿਤਧਾਰੀ ਕਿਸਾਨ ਭਰਾਵੋ! ਗਹੁ ਨਾਲ ਡੂੰਘੀ ਵਿਚਾਰ ਕਰੋ, ਕੀ ਨਵਾਂ ਜ਼ਮਾਨਾ ਚੰਗਾ ਹੈ ਯਾ ਕਿ ਪੁਰਾਣਾ। ਜਦੋਂ ਅਸੀਂ ਘਰ ਦੀ ਕਪਾਹ ਬੀਜਦੇ, ਉਸਦਾ ਘਰ ਹੀ ਕਪੜਾ ਬਣਾਉਂਦੇ ਸਾਂ ਤੇ ਬੈਲਾਂ ਨਾਲ ਹਲਟ ਗੇੜ ਕੇ ਖੇਤੀ ਕਰਦੇ ਸਾਂ। ਟਰੈਕਟਰਾਂ ਨਾਲੋਂ ਬਲਦ ਗੁਣਕਾਰੀ ਹਨ, ਇਹਨਾਂ ਵਿਚ ਚੇਤਨਤਾਂ ਹੈ ਅਸੀਂ ਚੇਤਨਤਾਂ ਛੱਡ ਕੇ ਬੇ-ਜਾਨ ਜੜ੍ਹਤਾ ਨਾਲ ਸੰਗ ਕਰਕੇ ਜੜ੍ਹ ਹੋ ਗਏ, ਚੇਤਨਤਾ, ਅਣਖ, ਧਰਮ ਦੀ ਕਣੀ, ਤੇਜ ਗਵਾ ਬੈਠੇ, ਗਵਾ ਰਹੇ ਹਾਂ। ਨਵੇਂ ਜ਼ਮਾਨੇ ਦੀ ਅਕਲ ਨੇ, ਸਾਡੀ ਗੁਰੂ ਦੀ ਮਤਿ ਅਕਲ ਨੂੰ

ਗਵਾ ਦਿੱਤਾ ਹੈ, ਜਿਸ ਕਰਕੇ ਅਸੀਂ ਆਪਣਾ ਲੋਕ ਤੇ ਪਰਲੋਕ ਦੋਨੋਂ ਗਵਾ ਰਹੇ ਤਾਂ, ਗਵਾ ਚੁਕੇ ਹਾਂ। ਅਜੇ ਭੀ ਮਾੜੀ ਮੋਟੀ ਅੰਸ਼ ਹੈ ਇਸ ਹਾਲਤ ਨੂੰ ਭਾਵ ਨੂੰ ਗੁਰੂ ਜੀ ਨੇ ਇਸ ਤੁਕ ਵਿਚ ਅੰਕਿਤ ਕੀਤਾ ਹੈ:

ਬੀਉ ਬੀਜ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ॥

ਫਿਰ ਭੀ :

ਜੇ ਇਕੁ ਹੋਇ ਤਾਂ ਉਗਵੈ ਰੁਤੀ ਹੂ ਰੁਤਿ ਹੋਇ॥

*(ਪੰਨਾ ੪੬੮)*

ਇਹ ਸ਼ਬਦ ਸ਼ੁਰੂ ਹੁੰਦਾ ਹੈ, "**ਸਚਿ ਕਾਲੁ ਕੂੜੁ ਵਰਤਿਆ**" ਤੋਂ। ਇਸ ਸ਼ਬਦ ਵਿਚ ਪੰਥ ਦੀ ਹਾਲਤ ਭੀ ਆ ਜਾਂਦੀ ਹੈ ਤੇ ਇਸਦਾ ਇਲਾਜ ਭੀ। ਸੋ ਇਲਾਜ ਦੀ ਦਵਾਈ ਦਾ ਜ਼ਿਕਰ ਹੋ ਰਿਹਾ ਹੈ। ਦੂਜੇ ਮੋਟੀ ਗੱਲ ਅਸੀਂ ਆਪਣੇ ਗੁਰੂ ਦੇ ਹੁਕਮ-ਧਰਮ ਨੂੰ ਸਿੱਖੀ ਧਰਮ ਨੂੰ ਮੁੱਖ ਰੱਖਣਾ ਹੈ, ਭਾਵੇਂ ਸਾਨੂੰ ਦੁਨਿਆਵੀ ਤੌਰ ਤੇ ਮਾਇਕ ਤੌਰ ਤੇ ਲਾਭ ਹੋਵੇ ਜਾਂ ਹਾਨ। "**ਤਨੁ ਮਨੁ ਧਨੁ ਸਭ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥**" ਇਕ ਸਿੱਖ ਦਾ ਲਾਭ ਗੁਰੂ ਦੀ ਖ਼ੁਸ਼ੀ ਲੈਣਾ ਹੀ ਹੈ। ਗੁਰੂ ਦੀ ਖ਼ੁਸ਼ੀ ਗੁਰੂ ਦੀ ਰਹਿਤ ਧਾਰਨ ਵਿਚ ਹੈ। ਕਿਉਂ ਕਿ ਗੁਰੂ ਜੀ ਤਾਂ ਫਰੁਮਾਉਂਦੇ ਹਨ "**ਰਹਿਤ ਪਿਆਰੀ ਮੁਝ ਕਉ ਸਿਖ ਪਿਆਰਾ ਨਾਹਿ।**" ਅਤੇ "**ਰਹਿਨੀ ਰਹੈ ਸੋਈ ਸਿੱਖ ਮੇਰਾ**" ਪੂਰਨ ਸਹੀ ਰਹਿਤ ਧਾਰੀ ਹੀ ਗੁਰੂ ਦਾ ਸਿੱਖ ਹੈ, ਸਿੱਖੀ ਦੀ ਅਣਖ ਗਵਾ ਕੇ ਜੇ ਅਸੀਂ ਚੰਗੇ ਬਸਤਰ ਪਾ ਲਏ ਟੀ. ਵੀ., ਕਾਰਾਂ, ਕੋਠੀਆਂ ਬਣਾ ਲਈਆਂ ਉਹ ਕਿਸ ਕੰਮ?

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ॥
ਕਿਤਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ॥੧॥ਰਹਾਉ॥.....
ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਇ॥੧॥

*(ਪੰਨਾ ੭੪੫)*

ਫਿਰ ਸ਼ੋਭਾ ਕਿਸ ਦੀ ਹੈ, ਗੁਰੂ ਨੂੰ ਕੌਣ ਪਿਆਰਾ ਹੈ? "**ਨਗਨ ਫਿਰਤ ਰੰਗ ਏਕ ਕੈ ਓਹੁ ਸੋਭਾ ਪਾਏ॥**" ਇਕੋ ਗੁਰੂ ਪ੍ਰਮੇਸ਼ਰ ਦੇ ਰੰਗ ਵਿਚ ਰੰਗੇ ਜਾਣਾ, ਗੁਰੂ ਦੀ ਪੂਰਨ ਸਹੀ ਰਹਿਤ ਧਾਰਨ ਕਰਨਾ ਹੀ । ਇਹੀ ਬੀਸ ਬਿਸਵੈ ਗੁਰੂ ਨੂੰ ਮਨ ਵਿਚ ਮੰਨਣਾ ਹੈ। ਅਥਵਾ:

ਬੀਸ ਬਿਸਵੇ ਗੁਰ ਕਾ ਮਨੁ ਮਾਨੈ॥ ਸੋ ਸੇਵਕੁ ਪਰਮੇਸੁਰ ਕੀ ਗਤਿ ਜਾਨੈ॥

*(ਪੰਨਾ ੪੮੭)*

ਬੀਸ ਬਿਸਵੇ ਤਾਂ ਹੀ ਹੋਣਗੇ ਜੇ ਪੂਰਨ ਸਹੀ ਰਹਿਤ ਦੇ ਧਾਰਨੀ ਹੋਵਾਂਗੇ। ਫਿਰ ਸਾਨੂੰ ਜਦ ਪੰਥ ਦੋਖੀ ਖ਼ਤਮ ਕਰਨਾ ਚਾਹੁੰਦੇ ਹਨ ਓਹਨਾਂ ਨੂੰ ਅਨਾਜ ਉਗਾ ਕੇ ਓਹਨਾਂ ਦੀ ਮਰਜ਼ੀ ਦੇ ਮੁੱਲ ਤੇ ਦੇ ਕੇ, ਓਹਨਾ ਦੇ ਪਾਲਣ ਦਾ ਜ਼ਰੀਆ-ਕਾਰਨ ਬਣੀਏ, ਜਦ ਸਾਡਾ ਗੁਰੂ ਤਾਂ ਕਹਿੰਦਾ ਹੈ ਓਹਨਾਂ ਦਾ ਨਾਉ ਹੀ ਬੁਰਾ ਹੈ ਤੇ ਉਹ ਸੂਰ ਗਧੇ ਕੁੱਤੇ ਵਰਗੇ ਹਨ:

ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹਿ॥
ਕੂਕਰਹਿ ਸੂਕਰਹਿ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥੩੩॥

*(ਪੰਨਾ ੧੩੫੬)*

ਦਵਾਈ ਖਾਵਾਂਗੇ ਤਾਂ ਹੀ ਗੁਲਾਮੀ ਰੋਗ ਦੂਰ ਹੋਣਾ ਹੈ, ਅਮਲ ਕਰਾਂਗੇ ਤਾਂ ਹੀ ਤੇਜ ਮਿਲੇਗਾ। ਹੁਣ ਦੀ ਹਾਲਤ ਤਾਂ ਇਹ ਹੈ:

ਜੇ ਜੀਵੈ ਪਤ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥ *(ਪੰਨਾ ੧੪੨)*

ਜਦ ਗੁਰੂ ਨਾਨਕ ਸਾਹਿਬ ਹਿੰਦੂ ਤੁਰਕ ਨੂੰ ਸ਼ੁਭ ਅਮਲ ਕਰਨ ਦਾ ਉਪਦੇਸ਼ ਕਰਦੇ ਹਨ ਫਿਰ ਸਿੱਖ ਵਾਸਤੇ ਭੀ ਓਹੀ ਉਪਦੇਸ਼ ਹੈ। ਉਹਨਾਂ ਦੋਹਾਂ ਨੂੰ ਸ਼ੁਭ ਅਮਲਾਂ ਬਾਝੋ ਦੋਨੋਂ ਰੋਦੇਂ ਦਸਦੇ ਹਨ:

ਬਾਬਾ ਆਖੇ ਹਾਜੀਆਂ ਸ਼ੁਭਿ ਅਮਲਾ ਬਾਝਹੁ ਦੋਨੋਂ ਰੋਈ॥

*(ਵਾਰ ਭਾਈ ਗੁਰਦਾਸ ਜੀ)*

ਅਮਲਾਂ ਬਾਝੋ ਹੀ ਸਾਡੀ ਇਹ ਹਾਲਤ ਹੋਈ ਹੈ। ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਦੱਸੀ ਪੂਰਨ ਸਹੀ ਰਹਿਤ ਤੇ ਅਮਲ ਨਹੀਂ ਕਰਦੇ। ਇਹੀ ਅਮਲਾਂ ਉਪਰ ਸ਼ੁਭ ਅਮਲ ਹੈ।

## ਸੰਸਾਰ ਵਿਚ ਵਿਚਰਦਿਆਂ ਗੁਰਸਿੱਖ ਦਾ ਜੀਵਨ-ਚਾਲਾ

ਗੁਰੂ ਦਾ ਹੁਕਮ ਗੁਰੂ ਦੀ ਰਹਿਤ ਹੈ, ਗੁਰੂ ਦੇ ਹੁਕਮ, ਗੁਰੂ ਦੀ ਰਹਿਤ ਤੇ ਚਲਦਿਆਂ ਸਾਡਾ ਵਤੀਰਾ, ਚਾਲਾ, ਕਰਤਵ, ਵਰਤਾਓ, ਜੀਵਨ ਚਾਲ-ਢਾਲ ਦਾ ਕਿਸੇ ਦੂਜੇ ਤੇ (ਭਾਵੇਂ ਉਹ ਸਰਕਾਰ ਹੈ ਜਾਂ ਕੋਈ ਹੋਰ ਪਾਰਟੀ ਜਾਂ ਜ਼ਖੀਰਾਖੋਰ, ਅਮੀਰ ਬੰਦਾ ਹੈ ਜਾਂ ਲੁੱਟ-ਖਸੁੱਟ ਕਰਨ ਵਾਲਾ, ਰਿਸ਼ਵਤਖੋਰ) ਭਾਵੇਂ ਕੋਈ ਵੀ ਹੈ ਪ੍ਰਭਾਵ ਪੈਂਦਾ ਹੈ। ਉਸਦੀ ਅਮੀਰੀ, ਚੌਧਰ, ਖੁਦਗਰਜ਼ੀ, ਹੁਕਮਰਾਨੀ ਨੂੰ ਸੱਟ ਵਜਦੀ ਹੈ, ਪ੍ਰਭਾਵਤ ਹੁੰਦੀ ਹੈ। ਸਾਨੂੰ ਉਸਦੀ ਕੋਈ ਪ੍ਰਵਾਹ ਨਹੀਂ, ਅਸੀਂ ਉਸ ਪਾਸੇ ਉੱਕਾ ਹੀ ਨਹੀਂ ਦੇਖਣਾ, ਸਾਡਾ ਧਿਆਨ ਨਿਸ਼ਾਨਾ ਕੇਵਲ ਇਕੋ ਇਕ, ਗੁਰੂ ਦੇ ਹੁਕਮ ਦੀ ਪਾਲਣਾ ਹੈ। ਸਦਾ, ਖਿਨ ਖਿਨ ਗੁਰੂ ਦੇ ਹੁਕਮ ਨੂੰ ਹੀ ਮੁੱਖ ਰਖਣਾ ਹੈ। ਆਪਣੇ ਜੀਵਨ ਵਿਚ ਭਾਵ ਪੰਥ ਨੇ ਜੋ ਭੀ ਕਦਮ ਪੁਟਣੇ ਹਨ, ਗੁਰੂ ਦੇ ਹੁਕਮ ਨੂੰ ਮੁੱਖ ਰੱਖ ਕੇ ਪੁਟਣੇ ਹਨ, ਗੁਰੂ ਦੇ ਹੁਕਮ ਅਨੁਸਾਰ ਗੁਰੂ ਦੀ ਧੁਨ ਦੀ ਸੇਧ ਵਿਚ ਤੁਰੇ ਜਾਣਾ ਹੈ। ਫਿਰ ਸਾਡਾ ਕੋਈ ਕੀ ਕਰ ਲਵੇਗਾ:

ਜਾਮਿ ਗੁਰੂ ਹੋਇ ਵਲਿ ਲਖ ਬਾਂਹੇ ਕਿਆ ਕੀਜਇ॥

*(ਪੰਨਾ ੧੩੯੯)*

ਇਸ ਪ੍ਰਕਾਰ ਗੁਰੂ ਦੇ ਗਿਆਨ ਦੀ ਰੋਸ਼ਨੀ ਵਿਚ ਚਲਣਾ ਹੈ। ਜਿਨ੍ਹਾਂ ਨੂੰ ਸਾਡਾ ਗੁਰਮਤਿ ਮਾਰਗ ਹਿੱਟ ਕਰੇਗਾ ਉਹ ਭਾਵੇਂ ਇਹੀ ਸਮਝਣਗੇ ਕਿ, "ਇਹਨਾਂ ਨੇ ਸਾਨੂੰ ਨੁਕਸਾਨ ਪਹੁੰਚਾਉਣ ਵਾਸਤੇ ਸਾਡੀ ਖਿਲਾਫਤ ਵਾਸਤੇ ਇਹ ਚਾਲਾ ਅਪਨਾਇਆ ਹੈ" ਉਹ ਭਾਵੇਂ ਲੱਖ ਕਹਿਣ ਅਸੀਂ ਤਾਂ ਆਪਣੇ ਗੁਰੂ ਦੇ ਹੁਕਮਾਂ ਨੂੰ ਮੁੱਖ ਰੱਖ ਕੇ ਤੁਰੇ ਜਾਣਾ ਹੈ ਕਿਸੇ ਦੀ ਪ੍ਰਵਾਹ ਨਹੀਂ ਕਰਨੀ, "**ਪ੍ਰਵਾਹ ਨਾਹੀ ਕਿਸੇ ਕੇਰੀ ਬਾਝ ਸਚੇ ਨਾਇ**" ਸੋ ਅਸੀਂ "**ਅੰਮ੍ਰਿਤਧਾਰੀ ਦੀ ਸਾਂਝ ਅੰਮ੍ਰਿਤਧਾਰੀ**" ਨਾਲ ਅਤੇ "**ਵੰਡ ਕੇ ਛਕਣਾ**" ਇਹਨਾਂ ਸਿਧਾਂਤਾਂ ਨੂੰ ਅਮਲੀ ਰੂਪ ਵਿਚ ਇੰਨ-ਬਿੰਨ ਸੌ ਫੀਸਦੀ ਪੂਰਨ ਰੂਪ ਵਿਚ ਅਪਨਾਉਣਾ ਹੈ। ਬਸ ਫਿਰ ਸਾਡੀ ਪੂਰਨ ਸੁਤੰਤ੍ਰਤਾ ਜਾਣੋ।

ਨੋਟ:- "**ਅੰਮ੍ਰਿਤਧਾਰੀ ਦੀ ਸਾਂਝ ਅੰਮ੍ਰਿਤਧਾਰੀ ਨਾਲ**" ਇਸ ਸਿਧਾਂਤ-ਅਸੂਲ-ਰਹਿਤ ਦੀ ਪ੍ਰੀਭਾਸ਼ਾ ਵਿਆਖਿਆ ਸਹੀ ਰੂਪ ਵਿਚ ਠੀਕ ਨਹੀਂ ਕੀਤੀ ਜਾਂਦੀ। ਪੰਥਕ ਬੁਧੀਜੀਵੀਆਂ ਨੂੰ ਇਸਦਾ ਸਹੀ ਗਿਆਨ ਨਹੀਂ ਜਿਸ ਕਰਕੇ ਸਾਡੇ ਪੰਥ ਦੀ ਇਹ ਹਾਲਤ ਬਣੀ ਹੋਈ ਹੈ।

**ਇਸ ਸਿਧਾਂਤ ਦੀ ਸਹੀ ਵਿਆਖਿਆ:-** ਇਸ ਦੀ ਵਿਆਖਿਆ ਕਰਨ ਲੱਗਿਆਂ ਪਹਿਲਾਂ ਅੰਮ੍ਰਿਤਧਾਰੀ ਦੀ ਪ੍ਰੀਭਾਸ਼ਾ ਸਮਝਣੀ ਹੋਵੇਗੀ। ਕਲਗੀਧਰ ਜੀ ਦੀ ਪ੍ਰਗਟ ਕੀਤੀ ਸਹੀ ਰਹਿਤ ਦਾ ਧਾਰਨੀ ਹੀ ਸਹੀ ਅਰਥਾਂ ਵਿਚ ਅੰਮ੍ਰਿਤਧਾਰੀ ਹੈ। ਇਸ ਪ੍ਰਕਾਰ ਅਸੀਂ ਸਹੀ ਅੰਮ੍ਰਿਤਧਾਰੀ ਹੋ ਕੇ ਐਸੇ ਤਿਆਰ-ਬਰ-ਤਿਆਰ ਅੰਮ੍ਰਿਤਧਾਰੀ ਨਾਲ ਹੀ ਸਾਂਝ ਰੱਖਣੀ ਹੈ। ਪੂਰਨ ਸਹੀ ਰਹਿਤਧਾਰੀ ਹੋਏ ਬਿਨਾਂ, ਸਹੀ ਅਰਥਾਂ ਵਿਚ ਅੰਮ੍ਰਿਤਧਾਰੀ

ਨਹੀਂ, ਪਰ ਪੰਥ ਵਿਚ ਇਕ ਵਾਰ ਅੰਮ੍ਰਿਤ ਛਕ ਲੈਣਾ ਹੀ ਅੰਮ੍ਰਿਤਧਾਰੀ ਹੋਣਾ ਮੰਨਿਆ ਜਾਂਦਾ ਹੈ, ਭਾਵੇਂ ਉਹ ਸਹੀ ਰਹਿਤ ਧਾਰਨ ਕਰੇ ਜਾਂ ਨਾ। ਬਲਕਿ ਓਹਨਾਂ ਨੂੰ ਸਹੀ ਰਹਿਤ ਦੱਸੀ ਹੀ ਨਹੀਂ ਜਾਂਦੀ, ਕਿਉਂਕਿ ਪੰਜ ਪਿਆਰੇ ਆਪ ਸਹੀ ਪੂਰਨ ਰਹਿਤ ਦੇ ਧਾਰਨੀ ਨਹੀਂ ਹੁੰਦੇ। ਕਈਆਂ ਨੂੰ ਤਾਂ ਪੂਰਨ ਰਹਿਤ ਦਾ ਪਤਾ ਹੀ ਨਹੀਂ ਹੁੰਦਾ। ਸੋ ਪੰਥ ਵਿਚ ਇਹ ਇਕ ਵੱਡੀ ਊਣਤਾਈ, ਢਿੱਲ ਨਿਘਰਤਾ (Draw back) ਹੈ, ਜਿਸ ਕਰਕੇ ਪੰਥ ਸੁੱਤਾ ਹੋਇਆ ਹੈ।

ਇਹ ਸਾਡੀ ਰਹਿਤ ਦਾ ਇਕ ਵੱਡਾ ਸ਼੍ਰੋਮਣੀ ਬਿਬੇਕ ਸਿਧਾਂਤ ਹੈ, ਜਿਸ ਨੇ ਨਿਆਰਾਪਣ ਉਭਾਰ ਕੇ ਪੰਥ ਨੂੰ ਨਿਆਰਾ ਕਰਨਾ ਹੈ, ਜਿਸ ਕਰਕੇ ਹੀ ਸਾਨੂੰ ਤੇਜ ਪ੍ਰਤਾਪ ਸੁਤੰਤ੍ਰਤਾ ਮਿਲਣੀ ਹੈ। ਜਿਸ ਲਈ ਸਾਡੇ ਪਿਤਾ ਕਲਗੀਧਰ ਜੀ ਨੇ ਸਖ਼ਤ ਤਾੜਨਾ ਕੀਤੀ ਹੈ, ''ਜਿੰਨਾ ਚਿਰ ਤੁਸੀਂ ਨਿਆਰੇ ਰਹੋਗੇ ਓਨਾਂ ਚਿਰ ਹੀ ਮੈਂ ਤੁਹਾਨੂੰ ਤੇਜ ਪ੍ਰਤਾਪ ਸੁਤੰਤ੍ਰਤਾ ਬਖਸ਼ਾਂਗਾ'' ਅਥਵਾ:

ਜਬ ਲਗ ਖ਼ਾਲਸਾ ਰਹੇ ਨਿਆਰਾ ਤਬ ਲਗ ਤੇਜ ਦੀਉ ਮੈਂ ਸਾਰਾ॥

ਸਿੱਧ ਹੋਇਆ ਕਿ ਸਹੀ ਅੰਮ੍ਰਿਤਧਾਰੀ ਹੋਣਾ ਹੀ ਸਹੀ ਅਰਥਾਂ ਵਿਚ ਬਿਬੇਕ-ਧਾਰੀ ਭੀ ਹੈ। ਅੰਮ੍ਰਿਤਧਾਰੀ, ਬਿਬੇਕਧਾਰੀ ਲਾਜ਼ਮ-ਮਲਜ਼ੂਮ (ਓਤ ਪੋਤ), ਇਕੋ ਗੱਲ ਹੈ ਕੋਈ ਦੋ ਫਿਰਕੇ-ਦਰਜੇ (Categories) ਨਹੀਂ ਹਨ। ਇਸ ਪ੍ਰਕਾਰ ਰਹਿਤਧਾਰੀ-ਬਿਬੇਕਧਾਰੀ-ਅੰਮ੍ਰਿਤਧਾਰੀ (ਤਿੰਨਾਂ ਦੇ ਇਕੋ ਹੀ ਅਰਥ ਹਨ) ਹੋਏ ਬਿਨਾਂ ਪੰਥ ਵਿਚ ਨਿਆਰਾਪਣ ਏਕਤਾ-ਤੇਜ਼-ਪ੍ਰਤਾਪ-ਸੁਤੰਤਰਤਾ ਨਹੀਂ ਆਉਣੀ। ਇਹ ਪੱਥਰ ਤੇ ਲਕੀਰ ਜਾਣੋ। ਸੋ ਚੜ੍ਹਦੀ ਕਲਾ ਵਿਚ ਲੈ ਜਾਣ ਲਈ ਪੰਥ ਨੂੰ ਇਸ ਪ੍ਰਕਾਰ ਤਿਆਰ-ਬਰ-ਤਿਆਰ ਕਰਨਾ ਹੀ ਉਪਾਵਾਂ ਸਿਰ ਉਪਾਉ ਹੈ। ਇਸ ਪ੍ਰਕਾਰ ਹੀ ਠੋਸ ਏਕਤਾ ਹੋਣੀ ਹੈ, ਹੋਰ ਉਪਾ-ਉਦਮ-ਉਪਰਾਲੇ ਸਭ ਊਰੇ-ਅਧੂਰੇ ਹਨ। ਇਕ ਹੋਰ ਧਿਆਨ ਗੋਚਰੇ ਕਰਨ ਵਾਲੀ ਗੱਲ ਇਹ ਭੀ ਹੈ ਕਿ ਭਾਵੇਂ ਵਤੀਰਾ, ਚਾਲਾ, ਕਦਮ ਸਾਡੇ ਏਹੀ ਹੋਣ ਪਰ ਅਸੀਂ ਕਿਸੇ ਦੀ ਖ਼ਿਲਾਫ਼ਤ ਨੂੰ ਮੁਖ ਰਖ ਕੇ ਅਪਣਾਵਾਂਗੇ ਤਾਂ ਫਿਰ ਉਹ ਸਾਡੀ ਮਨ ਮਤਿ ਹਉਮੈ ਹੋਵੇਗੀ। ਉਸ ਵਿਚ ਸਾਨੂੰ ਕਾਮਯਾਬੀ ਨਹੀ ਮਿਲੇਗੀ। ਜੇ ਕਿਸੇ ਹਦ ਤਕ ਕਾਮਯਾਬੀ ਹੋ ਭੀ ਜਾਂਦੀ ਹੈ ਤਾਂ ਫਿਰ ਉਹ ਰਹੇਗੀ ਨਹੀਂ। ਉਸਦਾ ਇਸ ਲੋਕ ਵਿਚ ਭਾਵੇਂ ਆਰਥਕ ਤੌਰ ਤੇ ਕੋਈ ਥੋੜ੍ਹਾ ਲਾਭ ਹੋ ਭੀ ਜਾਵੇ ਪਰ ਪ੍ਰਲੋਕ ਵਿਚ ਉਸਦਾ ਕੋਈ ਲਾਭ ਨਹੀਂ, ਕਿਉਂਕਿ ਉਸ ਨਾਲ ਅਸੀਂ ਆਪਣੇ ਮਨ ਨੂੰ ਤਾਂ ਖੁਸ਼ ਕਰ ਲਿਆ ਪਰ ਗੁਰੂ ਦੀ ਖੁਸ਼ੀ ਨਾ ਲਈ। ਸੋ ਸਿੱਖ ਦੇ ਜੀਵਨ ਦਾ ਮੁੱਖ ਮੰਤਵ ਪ੍ਰਲੋਕ ਸੁਧਾਰਨਾ ਹੁੰਦਾ ਹੈ, ਗੁਰੂ ਦੀਆਂ ਖੁਸ਼ੀਆਂ ਲੈਣਾ ਹੁੰਦਾ ਹੈ, ਇਸ ਲੋਕ ਵਿਚ ਤਾਂ ਉਸਦਾ ਜੀਵਨ ਨਿਰਬਾਹ ਹੀ ਹੁੰਦਾ ਰਹੇ ਉਹ ਹੀ ਭਲਾ ਹੈ ਅਥਵਾ:

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥੨੭॥
ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ॥
ਜਿਨਾ ਖਾਧੀ ਚੋਪੜੀ ਘਣੇ ਸਹਹਿਗੇ ਦੁਖ ॥੨੮॥ *(ਪੰਨਾ ੧੩੭੯)*

ਇਤਿ ਆਦਿ।

*****

*ੴ ਵਾਹਿਗੁਰੂ ਜੀ ਕੀ ਫਤਿਹ॥*

ਸਰਬੱਤ ਦੇ ਭਲੇ ਲਈ ਸਰਬੱਤ ਨੂੰ ਖੁਲ੍ਹੇ ਹੱਕ (Rights) ਹਨ ਕਿ ਇਹ ਟ੍ਰੈਰਟ ਵੱਧ ਤੋਂ ਵੱਧ ਛਾਪਵਾ ਕੇ ਸਿੱਖ ਸੰਗਤਾਂ ਵਿਚ ਮੁਫ਼ਤ ਵੰਡ ਕੇ ਜਾਂ ਭੇਟਾ ਤੇ, ਪ੍ਰਚਾਰ ਕਰਕੇ ਗੁਰੂ ਪ੍ਰਮੇਸ਼ਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ। ਇਸ ਸਮੇਂ ਗੁਰਮਤਿ ਸਿਧਾਂਤਾਂ ਦੇ ਪ੍ਰਚਾਰਨ ਦੀ ਸਖ਼ਤ ਲੋੜ ਹੈ।

–ਭਾਈ ਕੌਰ ਸਿੰਘ